ਮ.ਬੀ.ਨੰਗਲ ਟਾਊਨਸ਼ਿਪ

ਮੁੱਖ ਆਡੀਟਰ

ਪੀ.ਰੇ ਆਰ,
ਪ:ਬੋ:ਪਟਿਆਲਾ।

ਤੀ 6-8-92

ਾਈ ਹਿੱਤ

ਆਈ.ਡੀ.

ਦੇ ਗੈ:ਸ:ਪੰ:
ਾਨੇ ਵਿਚ।

ਤ ਪੁਸਾਕ
ਵਿਚ ਲੋੜੀਦੀ

ਤੇ ਆਰ,
ਪਟਿਆਲਾ।

ਪੰਜਾਬ ਰਾਜ ਬਿਜਲੀ ਬੋਰਡ

( ਸਕੱਤਰ / ਰੈਗੂਲੇਸ਼ਨ ਭਾਗ )

ਵੱਲ

ਸਰਕੂਲਰ ਨੰ: 22 /1992

1. ਸਾਰੇ ਇੰਜ:ਇਨ-ਚੀਫ/ਜਨਰਲ ਮੈਨੇਜਰ, ਪੰ:ਰਾ:ਬਿ:ਬੋਰਡ।
2. ਸਾਰੇ ਮੁੱਖ ਇੰਜੀਨੀਅਰ, ਪੰ:ਰਾ:ਬਿ:ਬੋਰਡ।
3. ਸਾਰੇ ਨਿਗਰਾਨ ਇੰਜੀਨੀਅਰ -ਓਹੀ-
4. ਸਾਰੇ ਕਾਰਜਕਾਰੀ ਇੰਜੀਨੀਅਰ/ਰੈਜ਼ੀਡੈਂਟ ਇੰਜ:, ਪੰ:ਰਾ:ਬਿ:ਬੋਰਡ।
5. ਮੁੱਖ ਲੇਖਾ ਅਫਸਰ, ਪੰ:ਰਾ:ਬਿ:ਬੋਰਡ।
6. ਮੁੱਖ ਆਡੀਟਰ, ਪੰ:ਰਾ:ਬਿ:ਬੋਰਡ।
7. ਮੁੱਖ ਕੰਟਰੋਲਰ/ਵਿੱਤ, -ਓਹੀ-
8. ਕਾਸਟ ਕੰਟਰੋਲਰ -ਓਹੀ-
9. ਆਈ.ਜੀ./ਚੌਕਸੀ ਤੇ ਸੁਰੱਖਿਆ ਪੰ:ਰਾ:ਬਿ:ਬੋਰਡ।
10. ਲੇਖਾ ਤੇ ਵਿੱਤ ਮੈਨੇਜਰ, ਜੀ.ਐਨ.ਡੀ.ਟੀ.ਪੀ.ਬਠਿੰਡਾ।
11. ਡਾਇਰੈਕਟਰ/ਟਰੇਨਿੰਗ,/ਪ੍ਰਿੰਸੀਪਲ, ਟੀ.ਟੀ.ਆਈ.ਪਟਿਆਲਾ।
12. ਸਾਰੇ ਲੇਖਾ ਅਫਸਰ ਸਮੇਤ ਰੋਪੜ ਥਰਮਲ ਪਰੋਜੈਕਟ, ਰੋਪੜ/ਉਪ ਮੁੱਖ ਆਡੀਟਰ ਪੰ:ਰਾ:ਬਿ:ਬੋਰਡ।
13. ਸੀਨੀਅਰ ਲੇਖਾ ਅਫਸਰ, ਅ.ਰਟੀ.ਪੀ.ਪਟਿਆਲਾ।
14. ਸਾਰੇ ਲੇਖਾ ਅਫਸਰ/ ਫੀਲਡ ਪ੍ਰੀਆਡਿਟ ਥਰਮਲ ਤੇ ਬੀ.ਬੀ.ਐਮ.ਬੀ।

ਮੀਮੋ ਨੰ: 158240/158900/ਅਰ.ਈ.ਜੀ-17/ਭਾਗ-4

ਮਿਤੀ: 11/8/1992

ਵਿਸ਼ਾ:- ਉਨ੍ਹਾਂ ਸਰਕਾਰੀ ਕਰਮਚਾਰੀਆਂ ਦੇ ਖਿਲਾਫ ਚਲ ਰਹੇ ਵਿਭਾਗੀ ਅਨੁਸ਼ਾਸਨੀ ਕਾਰਵਾਈ/ਪੜਤਾਲ ਦੇ ਕੇਸਿਜ਼ ਠੱਪ ਕਰਨ ਬਾਰੇ ਜਿਨ੍ਹਾਂ ਦੀ ਮੌਤ ਹੋ ਜਾਂਦੀ ਹੈ।

****

ਪੰਜਾਬ ਸਰਕਾਰ, ਪਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ,(ਪੀ.ਪੀ.-11 ਸ਼ਾਖਾ) ਚੰਡੀਗੜ੍ਹ ਦੇ ਪੱਤਰ ਨੰ:3/22/92-2 ਪੀ.ਪੀ-11/9033 ਮਿਤੀ 23-6-92 ਦੀ ਕਾਪੀ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਪੰਜਾਬ ਰਾਜ ਬਿਜਲੀ ਬੋਰਡ ਨੇ ਪੰਜਾਬ ਸਰਕਾਰ ਦਾ ਉਪਰੋਕਤ ਪੱਤਰ ਇਸ ਵਿਚ ਦਿੱਤੀਆਂ ਹਦਾਇਤਾਂ ਸਮੇਤ ਅਪਣਾ ਲਿਆ ਹੈ।

ਨੱਥੀ/-ਉਪਰੋਕਤ ਅਨੁਸਾਰ।

( ਜੈਲੋਰ ਰਾਮ ਸਿੱਧੂ )
ਅਧੀਨ ਸਕੱਤਰ/ਪੀ ਤੇ ਆਰ,
ਵਾ: ਸਕੱਤਰ, ਪੰ:ਰਾ:ਬਿ:ਬੋ:, ਪਟਿਆਲਾ।

ਪਿੱਠ ਅੰਕਣ ਨੰ: 158901/159111/ਆਰ.ਈ.ਜੀ-17/ਭਾਗ-4 ਮਿਤੀ: 11-8-92

ਉਪਰੋਕਤ ਦਾ ਉਤਾਰਾ ਸਹਿਪੱਤਰ ਸਮੇਤ ਹੇਠ ਲਿਖੇ ਦਫਤਰਾਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੈਂਬਰ/ਪਾਵਰ, ਬੀ.ਬੀ.ਐਮ.ਬੀ.ਚੰਡੀਗੜ੍ਹ।
2. ਸਾਰੇ ਮੁੱਖ ਇੰਜੀਨੀਅਰ/ਬੀ.ਬੀ.ਐਮ.ਬੀ/ਬੀ.ਸੀ.ਬੀ।

3. ਨਿਗਰਾਨ ਇੰਜੀਨੀਅਰ, ਇਲੈਕਟਰੀਕਲ ਸਰਕਲ ਯੂਨੀਅਨ ਟੈਰੇਟਰੀ ਚੰਡੀਗੜ੍ਹ।
4. ਸਾਰੇ ਨਿਗਰਾਨ ਇੰਜੀਨੀਅਰ/ਬੀ.ਬੀ.ਐਮ.ਬੀ।
5. ਰੈਜ਼ੀਡੈਂਟ ਆਡਿਟ ਅਫਸਰ, ਪੰ:ਰਾ:ਬਿ:ਬੋ:,ਪਟਿਆਲਾ।
6. ਵਿੱਤ ਸਲਾਹਕਾਰ ਅਤੇ ਮੁੱਖ ਲੇਖਾ ਅਫਸਰ ਬਿਆਸ ਪਰੋਜੈਕਟ ਤਲਵਾੜਾ ਟਾਊਨਸ਼ਿਪ।
7. ਉਪ ਵਿੱਤ ਸਲਾਹਕਾਰ ਅਤੇ ਮੁੱਖ ਲੇਖਾ ਅਫਸਰ ਬੀ.ਬੀ.ਐਮ.ਬੀ/ਨੰਗਲ ਟਾਊਨਸ਼ਿਪ।
8. ਸਾਰੇ ਬਰਾਂਚ ਅਫ਼ਸਰ, ਹੈਡ ਆਫਿਸ, ਪੰ:ਰਾ:ਬਿ:ਬੋ:ਪਟਿਆਲਾ।
9. ਉਪ ਸਕੱਤਰ/ਅਧੀਨ ਸਕੱਤਰ ਜੋ ਹੈਡ ਆਫਿਸ ਵਿਚ ਕੰਮ ਕਰਦੇ ਹਨ।
10. ਪੀ.ਐਸ.ਓ.(ਟੀ)ਟੂ ਚੇਅਰਮੈਨ, ਪੰ:ਰਾ:ਬਿ:ਬੋ:ਪਟਿਆਲਾ।
11. ਐਸ.ਏ.(ਟੀ)ਟੂ ਮੈਂਬਰਜ਼ -ਉਹੀ-
12. ਡਾਇਰੈਕਟਰ/ਪ੍ਰਸੋਨਲ, ਪੰ:ਰਾ:ਬਿ:ਬੋ:ਪਟਿਆਲਾ।
13. ਨਿੱਜੀ ਸਕੱਤਰ ਟੂ ਚੇਅਰਮੈਨ/ਮੈਂਬਰਜ਼/ਸਕੱਤਰ-ਉਹੀ-
14. ਡਾਇਰੈਕਟਰ/ਪਬਲਿਕ ਰੀਲੇਸ਼ਨ -ਉਹੀ-

ਨੱਥੀ/-ਉਪਰੋਕਤ ਅਨੁਸਾਰ।

ਅਧੀਨ ਸਕੱਤਰ/ਪੀ ਤੇ ਆਰ
ਵਾ: ਸਕੱਤਰ, ਪੰ:ਰਾ:ਬਿ:ਬੋ:ਪਟਿਆਲਾ

..1992

ਨੰ:3/22/92-2ਪੀ.ਪੀ.-11/9033
ਪੰਜਾਬ ਸਰਕਾਰ
ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ
(ਪੀ.ਪੀ.11 ਸ਼ਾਖਾ)

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰ
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜਿਲਾ ਅਤੇ ਸੈਸ਼ਨ ਜੱਜ,
ਉਪ ਮੰਡਲ ਅਫਸਰ(ਸ)।

ਵਿਸ਼ਾ:- ਉਨ੍ਹਾਂ ਸਰਕਾਰੀ ਕਰਮਚਾਰੀਆਂ ਦੇ ਖਿਲਾਫ ਚਲ ਰਹੇ ਵਿਭਾਗੀ ਅਨੁਸ਼ਾਸ਼ਨੀ ਕਾਰਵਾਈ/ਪੜਤਾਲ ਦੇ ਕੇਸਿਜ਼ ਠੱਪ ਕਰਨ ਬਾਰੇ ਜਿਨ੍ਹਾਂ ਦੀ ਮੌਤ ਹੋ ਜਾਂਦੀ ਹੈ।

*****

ਸ਼੍ਰੀ ਮਾਨ ਜੀ,

ਮੈਨੂੰ ਹਦਾਇਤ ਹੋਈ ਹੈ ਕਿ ਮੈਂ ਆਪ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਵਾਂ ਅਤੇ ਇਹ ਕਹਾਂ ਕਿ ਕੁਝ ਵਿਭਾਗਾਂ ਵਲੋਂ ਇਸ ਵਿਭਾਗ ਪਾਸੋਂ ਪੁਛਿਆ ਗਿਆ ਹੈ ਕਿ ਜਿੱਥੇ ਸਰਕਾਰੀ ਕਰਮਚਾਰੀਆਂ ਦੇ ਖਿਲਾਫ ਵਿਭਾਗੀ ਅਨੁਸ਼ਾਸ਼ਨੀ ਕਾਰਵਾਈ/ਪੜਤਾਲ ਦੇ ਕੇਸਿਜ਼ ਚਲ ਰਹੇ ਹੁੰਦੇ ਹਨ ਪ੍ਰੰਤੂ ਇਨ੍ਹਾਂ ਕੇਸਿਜ਼ ਦਾ ਕੋਈ ਅੰਤਮ ਫੈਸਲਾ ਹੋਣ ਤੋਂ ਪਹਿਲਾਂ ਹੀ ਕਿਸੇ ਕਰਮਚਾਰੀ ਦੀ ਮੌਤ ਹੋ ਜਾਂਦੀ ਹੈ ਤਾਂ ਉਨ੍ਹਾਂ ਕੇਸਿਜ਼ ਵਿੱਚ ਅੱਗੇ ਕੀ ਕਾਰਵਾਈ ਕਰਨੀ ਬਣਦੀ ਹੈ?

2. ਕਦਾਚਾਰੀ ਸਰਕਾਰੀ ਕਰਮਚਾਰੀਆਂ ਦੇ ਖਿਲਾਫ ਅਨੁਸ਼ਾਸ਼ਨੀ ਕਾਰਵਾਈ ਪੰਜਾਬ ਸਿਵਲ ਸੇਵਾਵਾਂ(ਸਜ਼ਾ ਅਤੇ ਅਪੀਲ)ਨਿਯਮਾਂਵਲੀ, 1970 ਦੇ ਤਹਿਤ ਕੀਤੀ ਜਾਂਦੀ ਹੈ। ਇਨ੍ਹਾਂ ਨਿਯਮਾਂ ਦੇ ਨਿਯਮ-5 ਵਿੱਚ ਛੋਟੀਆਂ ਅਤੇ ਵੱਡੀਆਂ ਸਜ਼ਾਵਾਂ ਦਰਸਾਈਆਂ ਗਈਆਂ ਹਨ। ਛੋਟੀ ਸਜ਼ਾ ਦੇਣ ਲਈ ਨਿਯਮ 10 ਵਿੱਚ ਦਰਸਾਈ ਗਈ ਕਾਰਜਵਿੱਧੀ ਅਪਨਾਉਣੀ ਪੈਂਦੀ ਹੈ। ਵੱਡੀ ਸਜ਼ਾ ਦੇਣ ਲਈ ਨਿਯਮ 8 ਅਧੀਨ ਪੜਤਾਲ ਕਰਵਾਉਣੀ ਜ਼ਰੂਰੀ ਹੈ। ਇਸ ਨਿਯਮ ਵਿੱਚ ਦਰਸਾਈ ਕਾਰਜਵਿੱਧੀ ਅਨੁਸਾਰ ਕਦਾਚਾਰੀ ਕਰਮਚਾਰੀ ਨੂੰ ਸਜ਼ਾ ਦੇਣ ਤੋਂ ਪਹਿਲਾਂ ਉਸ ਨੂੰ ਆਪਣਾ ਪੱਖ ਪੇਸ਼ ਕਰਨ ਲਈ ਪੂਰਨ ਤੌਰ ਤੇ ਮੌਕਾ ਦਿੱਤਾ ਜਾਂਦਾ ਹੈ। ਕਰਮਚਾਰੀ ਵੱਲੋਂ ਪੜਤਾਲੀਆ ਅਫਸਰ ਦੇ ਸਾਹਮਣੇ ਪੇਸ਼ ਹੋਣਾ ਹੁੰਦਾ ਹੈ। ਉਹ ਕਿਸੇ ਸਰਕਾਰੀ ਕਰਮਚਾਰੀ/ਰਿਟਾਇਰਡ ਸਰਕਾਰੀ ਕਰਮਚਾਰੀ ਦੀ ਸਹਾਇਤਾ ਵੀ ਲੈ ਸਕਦਾ ਹੈ।

3. ਸਰਕਾਰ ਦੀਆਂ ਹਦਾਇਤਾਂ ਨੰ:3/14/91-2ਪੀ.ਪੀ-11/6269, ਮਿਤੀ 25 ਅਪ੍ਰੈਲ, 1991 ਅਨੁਸਾਰ ਦੋਸ਼ੀ ਕਰਮਚਾਰੀ ਨੂੰ ਪੜਤਾਲ ਰਿਪੋਰਟ ਦੀ ਕਾਪੀ ਪ੍ਰਾਕ੍ਰਿਤਕ ਨਿਆਂ ਦੇ ਸਿਧਾਂਤਾਂ ਨੂੰ ਮੁੱਖ ਰੱਖ ਕੇ ਦੇਣਾ ਜ਼ਰੂਰੀ ਹੈ। ਦੋਸ਼ੀ ਕਰਮਚਾਰੀ ਨੂੰ ਪੜਤਾਲ ਰਿਪੋਰਟ ਸਬੰਧੀ ਆਪਣਾ ਪੱਖ ਲਿਖਤੀ ਰੂਪ ਵਿੱਚ ਪੇਸ਼ ਕਰਨ ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਜਾਂਦਾ ਹੈ। ਇਸ ਇੱਕ ਮਹੀਨੇ ਦੇ ਸਮੇਂ ਤੋਂ ਬਾਅਦ ਨਿਯੁਕਤੀ ਅਧਿਕਾਰੀ/ਸਜ਼ਾ ਦੇਣ ਵਾਲੇ ਅਧਿਕਾਰੀ ਨੇ ਦੋਸ਼ੀ ਕਰਮਚਾਰੀ ਵਲੋਂ ਜੇ ਕੋਈ ਪ੍ਰਤੀਬੇਨਤੀ

...ਚਲਦਾ...2/-

-2-

ਪ੍ਰਾਪਤ ਹੋਵੇ ਤਾਂ ਉਸ ਨੂੰ ਵਿਚਾਰਨ ਉਪਰੰਤ ਆਪਣਾ ਫੈਸਲਾ ਕਰਨਾ ਹੁੰਦਾ ਹੈ। ਇਹ ਹਦਾਇਤਾਂ ਮਾਨਯੋਗ ਸੁਪਰੀਮ ਕੋਰਟ ਵਲੋਂ ਦਿੱਤੀ ਗਈ ਜੱਜਮੈਂਟ ਜੋ ਜੱਜਮੈਂਟ ਟੂਡੇ, 1990 (4)ਐਸ.ਸੀ.456 ਸਿਰਲੇਖਾ-'ਯੂਨੀਅਨ ਆਫ ਇੰਡੀਆ ਅਤੇ ਹੋਰ ਬਨਾਮ-ਮੁਹੰਮਦ ਰਮਜ਼ਾਨ ਖਾਨ' ਹੇਠ ਛਪੀ ਹੈ, ਤੇ ਆਧਾਰਤ ਹਨ।

4. ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ-1970 ਦੇ ਉਪਬੰਧਾਂ ਅਤੇ ਸਰਕਾਰ ਵਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਕਦਾਚਾ... ਕਰਮਚਾਰੀ ਨੂੰ ਕੋਈ ਸਜ਼ਾ ਦੇਣ ਤੋਂ ਪਹਿਲਾਂ ਆਪਣਾ ਪੱਖ ਪੇਸ਼ ਕਰਨ ਲਈ ਪੂਰਾ ਮੌ... ਦਿੱਤਾ ਜਾਂਦਾ ਹੈ। ਜਿਸ ਕਰਮਚਾਰੀ ਦੀ ਅਨੁਸ਼ਾਸ਼ਨੀ ਕਾਰਵਾਈ/ਵਿਭਾਗੀ ਪੜਤਾਲ ਦੇ ਕੇਸਿਜ਼ ਚਲਦੇ ਸਮੇਂ ਹੀ ਮੌਤ ਹੋ ਜਾਂਦੀ ਹੈ, ਤਾਂ ਉਸ ਨੂੰ ਅਜਿਹਾ ਮੌਕਾ ਨਹੀਂ ਮਿਲ ਸਕਦਾ ਇਸ ਲਈ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਅਜਿਹੇ ਕੇਸਿਜ਼ ਵਿੱਚ ਵਿਭਾਗੀ ਅਨੁਸ਼ਾਸ਼ਨੀ ਕਾਰਵਾਈਆਂ/ਪੜਤਾਲਾਂ ਨੂੰ ਠੱਪ ਕਰ ਦਿੱਤਾ ਜਾਵੇ ਅਤੇ ਅਜਿਹੇ ਕਰਮਚਾਰੀਆਂ ਦੇ ਵਾਰਸਾਂ ਨੂੰ ਉਨ੍ਹਾਂ ਦੀ ਸੇਵਾ ਨੂੰ ਮੁੱਖ ਰੱਖਦਿਆਂ ਹੋਇਆਂ ਨਿਯਮਾਂ ਅਨੁਸਾਰ ਪਰਿਵਾਰਿਕ ਪੈਨਸ਼ਨ ਅਤੇ ਹੋਰ ਲਾਭ ਦੇ ਦਿੱਤੇ ਜਾਣ।

5. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸ਼ ਪਾਤਰ
ਸਹੀ/-
(ਪੀ.ਸੀ.ਸੰਗਰ)
ਉਪ ਸਕੱਤਰ, ਪ੍ਰਸੋਨਲ (ਐਸ)

ਦਫ਼ਤਰੀ ਹੁਕਮ ਨੰ
ਅਧੀਨ ਦਿੱਤੇ ਅਖ
ਆਪਣੇ ਪੀ.ਐਸ
ਵਿਚ (ਤੀਸਰੀ)
Regulation-
service of
those eligib
Fund) and al
the Fund."
ਕੀਤੀ ਗਈ।
ਨੰ: 1674 ਫਿਨ-
ਜਾਂਦੀ ਹੈ।
ਪਿੱਠ ਅੰਕਣ ਨੰ: 17
1) ਮੁੱਖ
2) ਮੁੱਖ
3) ਚੀਫ
4) ਰੈਜੀ
ਪਿੱਠ ਅੰਕਣ ਨੰ: 17
ਉਪਰੋਕਤ
ਭੇਜਿਆ
1) ਸਾਰੇ
2) ਸਾਰੇ
3) ਵਿੱਤ